੧ੴ ਵਾਹਿਗੁਰੂ ਜੀ ਕੀ ਫ਼ਤਹ ॥

# ਅਖੰਡ ਕੀਰਤਨੀ ਜੱਥਾ

ਮੁੱਖ ਦਫ਼ਤਰ: ਰੰਗਲੇ ਸੱਜਣ ਮੈਮੋਰੀਅਲ ਚੈਰੀਟੇਬਲ ਟ੍ਰੱਸਟ (ਰਜਿ.), ਚੌਂਕ ਬਾਬਾ ਸਾਹਿਬ, ਸ੍ਰੀ ਅੰਮ੍ਰਿਤਸਰ, ਪੰਜਾਬ

ਮੁੱਖ ਸੇਵਾਦਾਰ: ਭਾਈ ਬਖ਼ਸ਼ੀਸ਼ ਸਿੰਘ


Ref. No.: AKJ/IN/201129

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥

ਐਤਵਾਰ, ੧੬ ਮੱਘਰ, ਨਾਨਕਸ਼ਾਹੀ ੫੫੨
Sunday, 29th November, 2020

## ਅਖੰਡ ਕੀਰਤਨੀ ਜਥੇ ਵੱਲੋਂ ਸਮੁੱਚੇ ਖ਼ਾਲਸਾ ਪੰਥ ਨੂੰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ ਅਤੇ ਕਿਸਾਨ ਮੋਰਚੇ ਦਾ ਪੂਰਨ ਸਮਰਥਨ।

ਅਕਾਲਪੁਰਖ਼ ਪ੍ਰਮਾਤਮਾ ਆਪ ਕਲਾ ਧਾਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਰੂਪ ਅੰਦਰ ਨਿਰੰਕਾਰੀ ਜੋਤ ਟਿਕਾ, ਇਸ ਜਗਤ ਵਿਖੇ ਪ੍ਰਕਾਸ਼ਮਾਨ ਹੋਏ। ਜਿਥੇ ਨਾਮ ਨਿਰੰਜਨੀ ਵਾਹਿਗੁਰੂ ਗੁਰਮੰਤ੍ਰ ਦਾ ਚੱਕਰ ਫਿਰਾ ਕੇ ਸੱਚਖੰਡੀ ਮਾਰਗ ਤੇ ਚੱਲਣ ਦਾ ਹੋਕਾ ਦਿੱਤਾ, ਉਥੇ ਹੀ ਜ਼ੁਲਮੀ ਰਾਜਿਆਂ ਵਿਰੁੱਧ ਅਵਾਜ਼ ਬੁਲੰਦ ਕਰਕੇ ਜੇਲ੍ਹਾਂ ਦੇ ਤਸੀਹੇ ਵੀ ਝੱਲੇ। ਜ਼ੁਲਮੀ ਰਾਜਿਆਂ ਵਿਰੁੱਧ ਡਟਣ ਦੀ ਜ਼ੁਅਰਤ ਮਜ਼ਲੂਮਾਂ ਅੰਦਰ ਪੈਦਾ ਕੀਤੀ।

**ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨ੍ਹਿ ਬੈਠੇ ਸੁਤੇ ॥** (ਪੰਨਾ ੧੨੮੮)

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ ਦੋ ਦਹਾਕਿਆਂ ਤੱਕ ਖੇਤੀ ਕਰਕੇ ਜੋ ਕਿਰਤੀ ਸਿੱਖਾਂ ਵਾਸਤੇ ਮਿਸਾਲ ਕਾਇਮ ਕੀਤੀ ਹੈ, ਉਹ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਸੁਨੇਹੇ ਨੂੰ ਹੋਰ ਗੂੜ੍ਹਾ ਕਰਦੀ ਹੈ। ਪੰਜਾਬ ਦੀ ਧਰਤੀ ਜਿਥੇ ਗੁਰੂ ਸਾਹਿਬਾਨ ਦੇ ਆਗਮਨ ਨਾਲ ਪਵਿੱਤਰ ਹੋਈ, ਉਥੇ ਹੀ ਕ੍ਰਾਂਤੀਕਾਰੀ ਲਹਿਰਾਂ ਦਾ ਆਗਮਨ ਵੀ ਹੋਇਆ। ਦਸਾਂ ਹੀ ਪਾਤਸ਼ਾਹੀਆਂ ਨੇ ਗਰੀਬਾਂ, ਮਜ਼ਲੂਮਾਂ ਅਤੇ ਲੋੜਵੰਦਾਂ ਲਈ ਖੜੋ ਕੇ ਸ਼ਹਾਦਤਾਂ ਦੇ ਜੋ ਪੂਰਨੇ ਪਾਏ, ਉਸਦਾ ਦਾ ਦੇਣਾ ਹਿੰਦੁਸਤਾਨ ਦੇ ਲੋਕ ਕਦੀ ਵੀ ਨਹੀਂ ਦੇ ਸਕਦੇ। ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਖ਼ਾਲਸਾ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਅਤੇ ਜਜ਼ੀਆ ਮੁਆਫ਼ ਕੀਤਾ ਗਿਆ।

ਕਿਰਤੀ ਕਿਸਾਨਾਂ ਵੱਲੋਂ ਅੱਜ ਜੋ ਸਰਕਾਰ ਵੱਲੋਂ ਲਿਆਂਦੇ ਕਾਲੇ ਕਾਨੂੰਨਾਂ ਵਿਰੁੱਧ ਲਾਮਬੰਦ ਹੋ ਕੇ ਮੋਰਚੇ ਆਰੰਭੇ ਹਨ, ਉਹ ਪ੍ਰਸੰਸਾਯੋਗ ਹਨ। ਅਸੀਂ ਇਹਨਾਂ ਮੋਰਚਿਆਂ ਦਾ ਭਰਪੂਰ ਸਮਰਥਨ ਕਰਦੇ ਹਾਂ। ਅਖੰਡ ਕੀਰਤਨੀ ਜਥਾ ਨਿਸ਼ਕਾਮ ਅਤੇ ਕਿਰਤੀ ਸਿੱਖਾਂ ਦਾ ਜਥਾ ਹੋਣ ਕਰਕੇ ਕਿਸਾਨਾਂ ਦੇ ਦਰਦ ਨੂੰ ਬਹੁਤ ਹੀ ਨਜ਼ਦੀਕ ਤੋਂ ਮਹਿਸੂਸ ਕਰ ਸਕਦਾ ਹੈ। ਆਪਣੀ-ਆਪਣੀ ਯਥਾ ਸ਼ਕਤੀ ਅਨੁਸਾਰ ਸਿੰਘ-ਸਿੰਘਣੀਆਂ ਯੋਗਦਾਨ ਪਾ ਰਹੇ ਹਨ। ਕਿਸਾਨ ਮੋਰਚਾ ਹੁਣ ਦਿੱਲੀ ਵਿਖੇ ਪਹੁੰਚ ਚੁੱਕਾ ਹੈ ਅਤੇ ਇਸ ਦੇ ਹੋਰ ਲੰਮਾ ਚਲਣ ਦੀ ਗੱਲ ਵੀ ਆਖੀ ਜਾ ਰਹੀ ਹੈ। ਇਸ ਕਰਕੇ ਗੁਰਬਾਣੀ ਨਾਲ ਜੋੜੀ ਰੱਖਣ ਲਈ ਅਤੇ ਗੁਰੂ ਦੇ ਬਖ਼ਸ਼ੇ ਲੰਗਰ ਚਲਾਉਣ ਲਈ, ਅਖੰਡ ਕੀਰਤਨੀ ਜੱਥਾ ਦਿੱਲੀ ਦੀ ਸੰਗਤ ਵੱਲੋਂ ਆਪਣੀਆਂ ਸੇਵਾਵਾਂ ਅਰਪਿਤ ਕੀਤੀਆਂ ਜਾ ਰਹੀਆਂ ਹਨ। ਸਰਬੱਤ ਸਿੱਖ ਮਾਈ ਭਾਈ ਅਤੇ ਜੱਥੇ ਦੇ ਸਿੰਘ-ਸਿੰਘਣੀਆਂ ਨੂੰ ਸਨਿਮਰ ਬੇਨਤੀ ਹੈ ਕਿ ਇਸ ਕਿਸਾਨ ਮੋਰਚੇ 'ਚ ਮੋਢੇ ਨਾਲ ਮੋਢਾ ਲਾ ਕੇ ਸਹਿਯੋਗ ਦੇਣ ਜੀ।

ਅਸੀਂ ਆਸਵੰਦ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਸਹਾਈ ਹੋਵਣਗੇ।

ਦਿੱਲੀ 'ਚ ਇਹਨਾਂ ਸਿੰਘਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ:

1. ਭਾਈ ਨਰਿੰਦਰਜੀਤ ਸਿੰਘ ਗਾਮਾ (98182 19021)
2. ਭਾਈ ਅਰਵਿੰਦਰ ਸਿੰਘ ਰਾਜਾ (98183 43498)
3. ਭਾਈ ਜਗਤਾਰ ਸਿੰਘ (92114 01110)
4. ਭਾਈ ਗੁਰਮੀਤ ਸਿੰਘ (98111 14510)
5. ਭਾਈ ਅਰੁਣਪਾਲ ਸਿੰਘ (98103 63924)

ਦਾਸਰੇ,

ਬਖਸ਼ੀਸ਼ ਸਿੰਘ

ਭਾਈ ਬਖ਼ਸ਼ੀਸ਼ ਸਿੰਘ (ਜੱਥੇਦਾਰ)
ਅਤੇ
੩੧ ਮੈਂਬਰੀ ਵਿਸ਼ਵ ਵਿਆਪੀ ਕਮੇਟੀ,
ਅਖੰਡ ਕੀਰਤਨੀ ਜੱਥਾ